# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ।

ਪੱਤਰ ਨੰਬਰ : ਜੀ-1/1( )2023/
ਮਿਤੀ ਬਠਿੰਡਾ: 19.09.2023

ਵਿਸ਼ਾ: NILP ਪੇਪਰ ਮਿਤੀ 24.09.2023 ਨੂੰ ਕਰਵਾਉਣ ਸਬੰਧੀ।

ਹਵਾਲਾ: ਦਫਤਰ ਐਸ.ਸੀ.ਈ.ਆਰ ਟੀ ਪੰਜਾਬ ਜੀ ਦੇ ਮੀਮੋ ਨੰਬਰ ਈ. 142856/692 ਮਿਤੀ 13.09.2023 ਦੇ ਸਬੰਧ ਵਿੱਚ।

ਉਪਰੋਕਤ ਵਿਸੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਨਵ ਭਾਰਤ ਸਿੱਖਿਆ ਅਭਿਆਨ (NILP) ਅਧੀਨ ਪ੍ਰੀਖਿਆ ਮਿਤੀ 24.09.2023 ਨੂੰ ਕੰਡਕਟ ਕਰਵਾਈ ਜਾਣੀ ਹੈ।ਇਸ ਸਬੰਧੀ ਸਕੂਲਾਂ ਵੱਲੋਂ ਨਿਯੁਕਤ NILP ਨੋਡਲ ਅਫਸਰ ਅਤੇ ਵਲੰਟੀਅਰ (ਵਿਦਿਆਰਥੀ) ਇਸ ਦਿਨ ਗੈਰ-ਸਾਖਰਾ ਨੂੰ ਸਬੰਧਤ ਪ੍ਰੀਖਿਆ ਵਿੱਚ ਹਾਜਰ ਕਰਵਾਉਣਾ ਯਕੀਨੀ ਬਣਾਉਣਗੇ ।ਇਸ ਸਬੰਧੀ ਪ੍ਰਸ਼ਨ ਪੱਤਰ ਕਮ ਉੱਤਰ ਪੁਸਤਿਕਾ ਸਬੰਧਤ ਬਲਾਕ ਦੇ ਬੀ.ਐਨ.ਓਜ ਨੂੰ ਭੇਜ ਦਿੱਤੀਆ ਜਾਣਗੀਆਂ।ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਪ੍ਰਸ਼ਨ ਪੱਤਰ ਕਮ ਉੱਤਰ ਪੁਸਤਿਕਾ ਹੇਠ ਲਿਖੇ ਸਥਾਨ ਤੋਂ ਮਿਤੀ 23.09.2023 ਨੂੰ ਸਮਾਂ 10:30 ਤੱਕ ਪ੍ਰਾਪਤ ਕਰ ਲਈਆ ਜਾਣ ਅਤੇ ਪੇਪਰ ਕੰਡਕਟ ਕਰਵਾਉਣ ਉਪਰੰਤ ਮਿਤੀ 25.09.2023 ਨੂੰ ਸਮਾਂ 11:00 ਵਜੇ ਤੱਕ ਪ੍ਰਾਪਤੀ ਵਾਲੇ ਸਥਾਨ ਤੇ ਹੀ ਜਮ੍ਹਾਂ ਕਰਵਾਉਣੀਆਂ ਯਕੀਨੀ ਬਣਾਈਆ ਜਾਣ।

| ਲੜੀ ਨੰਬਰ | ਬਲਾਕ ਦਾ ਨਾਮ | ਪ੍ਰਸ਼ਨ ਪੱਤਰ ਕਮ ਉੱਤਰ ਪੁਸਤਿਕਾ ਪ੍ਰਾਪਤੀ ਅਤੇ ਜਮ੍ਹਾ ਕਰਵਾਉਣ ਦਾ ਸਥਾਨ |
|---|---|---|
| 1 | ਬਠਿੰਡਾ | ਸਸਸਸ ਪਰਸਰਾਮ ਨਗਰ ਬਠਿੰਡਾ |
| 2 | ਗੋਨਿਆਣਾ ਮੰਡੀ | ਸਸਸਸ ਭੋਖੜਾ |
| 3 | ਭਗਤਾ ਭਾਈ ਕਾ | ਸਸਸਸ ਕੋਠਾ ਗੁਰੂ (ਮੁੰਡੇ) |
| 4 | ਤਲਵੰਡੀ ਸਾਬੋ | ਬੀ.ਪੀ.ਈ.ਓ ਦਫਤਰ ਤਲਵੰਡੀ |
| 5 | ਮੌੜ | ਸਸਸਸ ਬਾਲਿਆਵਾਲੀ (ਕੁੜੀਆਂ) |
| 6 | ਰਾਮਪੁਰਾ | ਸਸਸਸ ਰਾਮਪੁਰਾ (ਕੁੜੀਆਂ) |
| 7 | ਸੰਗਤ | ਬੀ.ਪੀ.ਈ.ਓ ਦਫਤਰ ਸੰਗਤ |

ਨੋਟ: (1) ਪ੍ਰੀਖਿਆ ਕੇਂਦਰ ਦੀ ਸਮੁੱਚੀ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

(2) ਪ੍ਰਸ਼ਨ ਪੱਤਰ ਕਮ ਉੱਤਰ ਪੁਸਤਿਕਾ ਪ੍ਰਾਪਤ ਕਰਨ ਤੋਂ ਲੈ ਕੇ ਜਮ੍ਹਾ ਕਰਵਾਉਣ ਤੱਕ ਦੀ ਜਿੰਮੇਵਾਰੀ ਸਕੂਲ ਦੇ ਨੋਡਲ ਇੰਚਾਰਜ/ ਸਕੂਲ ਮੁਖੀ ਦੀ ਹੋਵੇਗੀ।ਪ੍ਰੀਖਿਆ ਮਿਤੀ 24.09.2023 ਨੂੰ ਸਬੰਧਤ ਨੋਡਲ ਇੰਚਾਰਜ ਸਕੂਲ ਵਿੱਚ ਹਾਜਰ ਰਹਿਣਗੇ।

19/9/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ